# ਖੇਤੀਬਾੜੀ : ਕੰਮ 'ਤੇ ਨੁਕਸਾਨਦਾਇਕ ਹਵਾ ਵਿਚ ਸਾਹ ਲੈਣਾ

**ਕੰਮ ਦੀਆਂ ਪ੍ਰਕਿਰਿਆਵਾਂ, ਉਤਪਾਦ ਅਤੇ ਖੇਤੀਬਾੜੀ ਵਿੱਚ ਵਰਤੀਆਂ ਜਾਣ ਵਾਲੀਆਂ ਸਮੱਗਰੀਆਂ, ਹਵਾ ਵਿੱਚ ਅਦਿੱਖ ਧੂੜ, ਗੈਸ, ਭਾਫ ਅਤੇ ਵਾਸ਼ਪ ਛੱਡਦੀਆਂ ਹਨ ।**

**ਇਹਨਾਂ ਵਿੱਚ ਸਾਹ ਲੈਣ ਨਾਲ ਫੇਫੜਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਸਿੱਟੇ ਵਜੋਂ ਦਮੇ, ਅਤੇ ਫਾਰਮਰਜ਼ ਲੰਗ (Farmer's Lung) ਵਰਗੀਆਂ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ।**

ਖੇਤੀਬਾੜੀ ਵਾਲੇ ਕਿਰਤੀ, ਮਿੱਟੀ-ਘੱਟੇ, ਗੈਸ, ਧੂੰਏ ਅਤੇ ਵਾਸ਼ਪਾਂ ਦੇ ਸੰਪਰਕ ਵਿੱਚ ਆਉਂਦੇ ਹਨ, ਉਦਾਹਰਨ ਦੇ ਤੌਰ 'ਤੇ :

- ਪਸ਼ੂਆਂ ਦੀ ਰਹਿੰਦ-ਖੂੰਹਦ ਅਤੇ ਪਸ਼ੂਆਂ ਦੇ ਵਾਲਾਂ ਦੀ ਧੂੜ ਰਾਹੀਂ
- ਕੀਟਨਾਸ਼ਕਾ ਨਾਲ ਕੰਮ ਕਰਨ 'ਤੇ, ਵਾਸ਼ਪਾਂ ਅਤੇ ਧੂੰਏ ਰਾਹੀਂ
- ਉੱਲੀ ਵਾਲੀ ਧੂੜ ਦੇ ਨਜ਼ਦੀਕ ਕੰਮ ਕਰਨ ਰਾਹੀਂ
- ਧੂੜ ਵਾਲੇ ਅਨਾਜਾਂ ਅਤੇ ਚਾਰੇ ਵਰਗੇ ਉਤਪਾਦਾਂ ਨਾਲ ਕੰਮ ਕਰਨ ਰਾਹੀਂ
- ਬੀਜਾਂ ਦੀਆਂ ਭਾਫਾਂ ਅਤੇ ਵਾਸ਼ਪਣ ਅਤੇ ਅਨਾਜ ਨੂੰ ਧੂਣੀ ਦੇਣ ਦੀਆਂ ਪ੍ਰਕਿਰਿਆਵਾਂ ਰਾਹੀਂ

ਜੇਕਰ ਤੁਸੀਂ ਰੋਜ਼ਗਾਰਦਾਤਾ ਹੋ ਤਾਂ 'ਕਿਰਤ-ਸਿਹਤ ਅਤੇ ਸੁਰੱਖਿਆ ਨਿਯਮਾਂ' ਤਹਿਤ, ਤੁਹਾਡੀ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਕਿਰਤੀਆਂ ਦੀ ਅਤੇ ਆਪਣੀ ਸਿਹਤ ਦੀ ਰੱਖਿਆ ਕਰੋ ।

ਇਸ ਦਾ ਮਤਲਬ ਇਹ ਹੈ ਕਿ ਕੰਮ ਤੇ, ਖਤਰਨਾਕ ਹਵਾ ਵਿੱਚ ਸਾਹ ਲੈਣ ਤੋਂ ਉਤਪੰਨ ਹੋਣ ਵਾਲੇ ਸੰਕਟਾਂ ਨੂੰ ਖਾਰਜ ਕਰਨ ਲਈ ਅਤੇ ਪ੍ਰਬੰਧਨ ਲਈ, ਜੋ ਵਾਜਬ ਹੋਵੇ, ਤੁਹਾਨੂੰ ਜਰੂਰ ਕਰਨਾ ਚਾਹੀਦਾ ਹੈ ।

## ਖਤਰਿਆਂ ਦੀ ਸ਼ਨਾਖਤ ਕਰੋ

ਧੂੜ, ਗੈਸਾਂ, ਧੂੰਏ ਅਤੇ ਵਾਸ਼ਪ ਉਹ ਖਤਰੇ ਹਨ ਜਿੰਨ੍ਹਾਂ ਵਿੱਚ ਤੁਹਾਡੇ ਕਾਮਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੈ ।

ਕਿਰਤੀਆਂ ਦੀ ਰੱਖਿਆ ਵਾਸਤੇ, ਪਹਿਲਾ ਕਦਮ ਹੈ ਕਿ ਕੰਮ ਦੀ ਜਗਾਹ ਤੇ ਸ਼ਨਾਖਤ ਕਰਨੀ ਕਿ ਖਤਰੇ ਕਿੱਥੇ ਹਨ । ਦੇਖਭਾਲ ਵਜੋਂ ਤੁਹਾਡੇ ਫਰਜ਼ ਦਾ ਹਿੱਸਾ ਹੈ, ਇਹ ਯਕੀਨੀ ਬਨਾਉਣਾ ਕਿ ਕਿਰਤੀ, ਸਿਹਤ ਅਤੇ ਸੁਰੱਖਿਆ ਖਤਰਿਆਂ ਦੇ ਸੰਪਰਕ ਵਿੱਚ ਨਾ ਹੋਣ ।

ਕੰਮ ਦੀ ਜਗਾਹ ਦੇ ਸਾਰੇ ਖਤਰੇ ਦੇਖੇ ਨਹੀ ਜਾ ਸਕਦੇ। ਧੂੜ, ਗੈਸ, ਧੂੰਆਂ ਅਤੇ ਵਾਸ਼ਪ ਅਕਸਰ ਅਦਿੱਖ ਹੁੰਦੇ ਹਨ ਪਰ ਸਾਹ ਲੈਣ ਨਾਲ ਅੰਦਰ ਚਲੇ ਜਾਣ 'ਤੇ, ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ ।

ਸ਼ਨਾਖਤ ਵਿੱਚ ਮਦਦ ਵਾਸਤੇ ਕਿ ਕੀ ਤੁਹਾਡੇ ਕਾਮੇ ਖਤਰਨਾਕ ਹਵਾ ਵਿੱਚ ਸਾਹ ਲੈ ਰਹੇ ਹਨ, ਹੇਠ ਲਿਖੇ ਕਦਮਾਂ ਦੀ ਪੈਰਵੀ ਕਰੋ :

- ਕੰਮ ਦੀ ਜਗਾਹ ਦਾ ਨਿਰੀਖਣ ਅਤੇ ਨਿਗਰਾਨੀ ਕਰੋ ਅਤੇ ਕਿਸ ਤਰ੍ਹਾਂ ਤੁਹਾਡੇ ਕਿਰਤੀ ਕੰਮ ਦਾ ਸੰਚਾਲਣ ਕਰਦੇ ਹਨ
- ਆਪਣੇ ਕਰਮਚਾਰੀਆਂ ਨਾਲ ਗੱਲ ਕਰੋ
- ਜਿਹੜੇ ਉਤਪਾਦ ਤੁਸੀਂ ਵਰਤ ਰਹੇ ਹੋ, ਉਹਨਾਂ ਬਾਰੇ ਸਪਲਾਈ ਸਿਲਸਿਲਿਆਂ ਅਤੇ ਨੈੱਟ-ਵਰਕ ਨਾਲ ਗੱਲ ਕਰੋ
- ਕਿਰਤ-ਸਿਹਤ ਅਤੇ ਸੁਰੱਖਿਆ ਨਿਯੰਤਰਕ, ਉਦਯੋਗ ਸੰਸਥਾਵਾਂ ਅਤੇ ਸੁਰੱਖਿਆ ਪੇਸ਼ੇਵਰਾਂ ਵਲੋਂ ਜਾਣਕਾਰੀ ਦੀ ਸਮੀਖਿਆ ਕਰੋ

# ਖਤਰਿਆਂ ਦਾ ਪ੍ਰਬੰਧਨ ਕਰੋ

ਜੇ ਤੁਹਾਡੇ ਕਿਰਤੀਆਂ ਦਾ ਸੰਪਰਕ ਘੱਟੇ, ਗੈਸ, ਧੂੰਏ ਅਤੇ ਵਾਸ਼ਪਾਂ ਨਾਲ ਹੁੰਦਾ ਹੈ, ਤੁਸੀਂ ਜਰੂਰ 'ਨਿਯੰਤਰਣ ਉਪਾਅ' ਸਥਾਪਤ ਕਰੋ। ਇਸ ਦਾ ਮਤਲਬ ਹੈ ਅਜਿਹੀ ਕਾਰਵਾਈ ਕਰਨੀ -- ਜਿੰਨੀ ਵੀ ਵਿਹਾਰਕ ਹੋਵੇ -- ਜੋ ਸਿਹਤ ਅਤੇ ਸੁਰੱਖਿਆ ਖਤਰਿਆਂ ਨੂੰ ਖਾਰਜ ਕਰੇ ਜਾਂ ਵੱਧ ਤੋਂ ਵੱਧ ਘਟਾਵੇ ।

ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ, ਕਾਬੂ ਪਾਉਣ ਦਾ ਉਪਾਅ ਹੈ ਕਿ ਖਤਰੇ ਅਤੇ ਇਸ ਨਾਲ ਸਬੰਧਤ ਜ਼ੋਖਮ ਨੂੰ ਖਾਰਜ ਕੀਤਾ ਜਾਵੇ ।

ਜੇ ਤੁਸੀਂ ਖਤਰੇ ਨੂੰ ਖਾਰਜ ਕਰਨ ਤੋਂ ਅਸਮਰੱਥ ਹੋ ਤਾਂ ਆਪਣੇ ਕਿਰਤੀਆਂ ਲਈ ਨਿਯੰਤਰਣ ਉਪਾਅ ਸਥਾਪਤ ਕਰਕੇ, ਉਹਨਾਂ ਨੂੰ ਮਿੱਟੀ-ਘੱਟੇ, ਗੈਸ, ਧੂੰਏ ਅਤੇ ਵਾਸ਼ਪਾਂ ਵਿੱਚ ਸਾਹ ਲਏ ਜਾਣ ਤੋਂ ਸੁਰੱਖਿਆ ਦਿਓ ਕੁਝ ਉਦਾਹਰਣਾਂ ਹਨ :

- ਵੱਧ ਜ਼ਹਿਰੀਲੇ ਰਸਾਇਣਾਂ ਦੀ ਬਜਾਇ ਘੱਟ ਜ਼ਹਿਰੀਲੇ ਰਸਾਇਣਾਂ ਨੂੰ ਜਗਾਹ ਦੇਣਾ
- ਉਹਨਾਂ ਖੇਤਰਾਂ ਤੱਕ ਦੀ ਪਹੁੰਚ 'ਤੇ ਪਾਬੰਦੀ ਲਗਾਉਣਾ ਜਿੱਥੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ
- ਸਥਾਨਕ ਹਵਾ ਸੰਚਾਰ ਨਿਕਾਸੀ ਪ੍ਰਣਾਲੀਆਂ ਸਥਾਪਤ ਕਰਨਾ
- ਸਿਹਤ ਅਤੇ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਪਾਲਣ ਕਰਨਾ
- ਕਿਰਤੀਆਂ ਨੂੰ ਢੁਕਵੇਂ ਅਤੇ ਸਹੀ ਮਾਪ ਵਾਲੇ, ਚਿਹਰੇ ਦੇ ਮਾਸਕ ਪ੍ਰਦਾਨ ਕਰਨਾ

# ਨਿਗਰਾਨੀ ਕਰਨਾ ਅਤੇ ਸਮੀਖਿਆ

ਇਹ ਯਕੀਨੀ ਬਨਾਉਣ ਵਾਸਤੇ ਕਿ ਤੁਹਾਡੇ ਨਿਯੰਤਰਣ ਉਪਾਅ ਪ੍ਰਭਾਵਸ਼ਾਲੀ ਹਨ, ਤੁਹਾਡਾ ਨਿਗਰਾਨੀ ਅਤੇ ਸਮੀਖਿਆ ਕਰਦੇ ਰਹਿਣਾ ਜ਼ਰੂਰੀ ਹੈ। ਤੁਹਾਨੂੰ ਨਿਯੰਤਰਣ ਉਪਾਵਾਂ ਦੀ ਸਮੀਖਿਆ ਜ਼ਰੂਰੀ ਤੌਰ 'ਤੇ ਕਰਨੀ ਚਾਹੀਦੀ ਹੈ :

- ਜਦ ਉਹ ਖਤਰੇ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਨਾ ਪਾ ਰਹੇ ਹੋਣ
- ਆਪਣੀ ਕੰਮ ਦੀ ਜਗਾਹ 'ਤੇ ਕੋਈ ਤਬਦੀਲੀ ਕਰਨ ਤੋਂ ਪਹਿਲਾਂ, ਜਿਸ ਨਾਲ ਕਿਸੇ ਖਤਰੇ ਦੇ ਉਤਪੰਨ ਹੋਣ ਜਾਂ ਵਧਣ ਦੀ ਸੰਭਾਵਨਾ ਹੋ ਸਕਦੀ ਹੈ
- ਜੇਕਰ ਕਿਸੇ ਨਵੇਂ ਖਤਰੇ ਜਾਂ ਸੰਕਟ ਦੀ ਸ਼ਨਾਖਤ ਹੋ ਜਾਂਦੀ ਹੈ
- ਜੇ ਆਪਣੇ ਕਿਰਤੀਆਂ ਨਾਲ ਮਸ਼ਵਰਾ, ਇਹ ਸੁਝਾਉਂਦਾ ਹੈ ਕਿ ਸਮੀਖਿਆ ਜਰੂਰੀ ਹੈ
- ਜੇਕਰ ਕੋਈ ਸਿਹਤ ਅਤੇ ਸੁਰੱਖਿਆ ਪ੍ਰਤੀਨਿੱਧ ਸਮੀਖਿਆ ਲਈ ਬੇਨਤੀ ਕਰਦਾ ਹੈ

# ਹੋਰ ਜਾਣਕਾਰੀ

ਕਿਰਤ-ਸਿਹਤ ਅਤੇ ਸੁਰੱਖਿਆ ਬਾਰੇ ਹੋਰ ਜਾਣਕਾਰੀ ਲਈ, ਅਤੇ ਕਿੱਤਾਮਈ ਫੇਫੜਿਆਂ ਦੀਆਂ ਬਿਮਾਰੀਆਂ ਵਾਸਤੇ Safe Work Australia (ਸੇਫ ਵਰਕ ਔਸਟ੍ਰੇਲੀਆ) ਦੀ ਵੈਬਸਾਈਟ swa.gov.au/clearlungs 'ਤੇ ਜਾਓ

ਤੁਸੀਂ ਇਹਨਾਂ ਕੋਲੋਂ ਵੀ ਹੋਰ ਜਾਣਕਾਰੀ ਲੈ ਸਕਦੇ ਹੋ :

- ਆਪਣੀ ਸਰਕਾਰ ਦੇ ਕਿਰਤ-ਸਿਹਤ ਅਤੇ ਸੁਰੱਖਿਆ ਨਿਯੰਤਰਕਾਂ ਕੋਲੋਂ
- ਉਦਯੋਗ ਸੰਸਥਾਵਾਂ ਕੋਲੋਂ
- ਸੁਰੱਖਿਆ ਪੇਸ਼ੇਵਰਾਂ ਕੋਲੋਂ